ਵੀਰਵਾਰ
14, ਜਨਵਰੀ 2010
2 ਮਾਘ ,
ਨਾਨਕਸ਼ਾਹੀ 541

# ਅੱਜ ਦੀ ਆਵਾਜ਼

ਕੀਮਤ 2 ਰੁਪਏ

ਜਲੰਧਰ
ਅੰਕ ਨੰ. 275,
ਸਾਲ 25
Postal Regd. No.
PB/0007/09-2011

www.ajdiawaaz.com ਪੰਜਾਬ ਦੀ ਉਮੀਦ info@ajdiawaaz.com


ਸ਼ਹਿਰ ਤੇ ਆਸ-ਪਾਸ
ਪਾਟਨ 'ਚ ਗੁਰਪੁਰਬ 'ਤੇ ਰੌਣਕਾਂ 3

ਸੰਪਾਦਕੀ
ਸੂਚਨਾ ਅਧਿਕਾਰ ਦਾ ਫੈਲਦਾ ਦਾਇਰਾ 4


ਦੇਸ਼ ਦੁਨੀਆਂ
ਲੋਹੜੀ ਮੇਲਾ ਮਨਾਇਆ 8

# ਕੇਂਦਰ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਿਹੈ - ਬਾਦਲ

## 70ਪ੍ਰਤੀਸ਼ਤ ਪੈਸਾ ਤਾਂ ਬਾਦਲ ਵੱਲੋਂ ਆਪਣੀਆਂ ਜੇਬਾਂ 'ਚ ਪਾਇਆ ਜਾ ਰਿਹੈ- ਕਾਂਗਰਸ



ਮੁਕਤਸਰ, 13 ਜਨਵਰੀ (ਪਰਮਜੀਤ/ਸ਼ਮਿੰਦਰਪਾਲ/ਸੁਰੇਸ਼ ਗਰਗ)-ਅੱਜ ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਮੇਲਾ ਮਾਘੀ ਸਮੇਂ ਕੀਤੀ ਗਈ ਵਿਸ਼ਾਲ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਪੰਜਾਬ ਸ: ਪ੍ਰਕਾਸ਼ ਸਿੰਘ ਬਾਦਲ ਨੇ ਦੋਸ਼ ਲਾਇਆ ਹੈ ਕਿ ਕੇਂਦਰ ਦੀ ਕਾਂਗਰਸ ਸਰਕਾਰ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ, ਜਦਕਿ ਸਾਰੇ ਹਿੰਦੁਸਤਾਨ ਦਾ ਪੇਟ ਪੰਜਾਬ ਦੇ ਕਿਸਾਨ ਭਰਦੇ ਹਨ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਨੇ ਇਹ ਵਾਅਦਾ ਕੀਤਾ ਸੀ ਕਿ ਪੰਜਾਬ ਦੇ ਕਿਸਾਨਾ ਅਤੇ ਮਜ਼ਦੂਰਾਂ ਨੂੰ ਸਹਾਇਤਾ ਦਿੱਤੀ ਜਾਵੇਗੀ, ਪਰ ਬਾਅਦ ਵਿੱਚ ਇਹ ਵਾਅਦਾ ਪੂਰਾ ਨਹੀਂ ਕੀਤਾ। ਉਹਨਾ ਕਿਹਾ ਕਿ ਭਾਵੇਂ ਫੌਜ ਦੀ ਭਰਤੀ ਹਵੇ ਭਾਵੇਂ ਬਿਜਲੀ, ਪਾਣੀ ਦਾ ਮਸਲਾ ਹੋਵੇ ਜਾ ਪੰਜਾਬ ਦੀ ਰਾਜਧਾਨੀ ਦਾ ਮਸਲਾ ਹੋਵੇ,ਹਰ ਥਾ ਤੇ ਹੀ ਕੇਂਦਰ ਪੰਜਾਬ ਨਾਲ ਵਿਤਕਰਾ ਕਰ ਰਿਹਾ ਹੈ। ਸ: ਬਾਦਲ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਕਾਂਗਰਸ ਨੂੰ ਪੰਜਾਬ ਦੀ ਦੁਸਮਣ ਪਾਰਟੀ ਕਰਾਰ ਦੇਣਾ ਚਾਹੀਦਾ ਹੈ। ਉਹਨਾ ਕਿਹਾ ਕਿ ਪੜਾਈ ਦਾ ਮਿਆਰ ਉਚਾ ਕਰਨ ਲਈ ਪੰਜਾਬ ਸਰਕਾਰ ਵੱਲੋਂ 13 ਨਵੇਂ ਕਾਲਜ਼ ਖੋਲੇ ਜਾ ਰਹੇ ਹਨ, ਜਦਕਿ ਗਰੀਬ ਬੱਚਿਆਂ ਦੀ ਪੜਾਈ ਵਾਸਤੇ 21 ਸਕੂਲ ਬਲਾਕ ਪੱਧਰ ਤੇ ਬਣਾਏ ਜਾ ਰਹੇ ਹਨ। ਗਰੀਬਾ ਦੀ ਭਲਾਈ (ਬਾਕੀ ਸਫਾ 2 'ਤੇ)

## ਵਿਮੁਕਤ ਜਾਤੀਆਂ ਮੰਗਾਂ ਨਾ ਮੰਨੇ ਜਾਣ ਤੇ ਤਿੱਖਾ ਸ਼ੰਘਰਸ਼ ਕਰਨਗੀਆਂ-ਦੇਸੂਯੋਧਾ, ਪੰਜਗਰਾਈ

ਮੁਕਤਸਰ, 13 ਜਨਵਰੀ (ਪਰਮਜੀਤ/ਸ਼ਮਿੰਦਰਪਾਲ/ਸੁਰੇਸ਼ ਗਰਗ)- ਦੇਸ਼ ਦੀ ਆਜ਼ਾਦੀ ਦੀ ਲੜਾਈ ਵਿੱਚ ਹਿੱਸਾ ਲੈਣ ਅਤੇ ਮੁਗਲਾਂ ਤੇ ਅੰਗਰੇਜਾਂ ਦੀ ਅਧੀਨਤਾ ਨਾ ਮੰਨਣ ਵਾਲੀਆਂ ਮਿਹਨਤੀ ਤੇ ਬਹਾਦਰ ਕੌਮਾਂ ਜਿਵੇਂ ਬਾਵਰੀਆਂ, ਸਾਂਸੀ, ਬਾਜੀਗਰ ਤੇ ਹੋਰ ਕਬੀਲੇ ਜੋ ਕਿ ਲਗਭਗ 250 ਸਾਲ ਅੰਗਰੇਜ਼ ਸਰਕਾਰ ਦੁਆਰਾ ਲਗਾਏ ਗਏ ਜਰਾਇਮ ਪੇਸ਼ਾ ਐਕਟ (ਕਾਲਾ ਕਾਨੂੰਨ) 1871 ਕਾਰਨ ਜੰਗਲਾਂ ਵਿਚ ਰਹੇ, ਜਿਸ ਕਾਰਨ ਇਹ ਜਾਤੀਆਂ ਆਰਥਿਕ, ਸਮਾਜਿਕ, ਵਿਦਿਆਕ ਤੇ ਰਾਜਨੀਤਿਕ ਪੱਖੋਂ ਬਾਕੀ ਉੱਚ ਜਾਤੀਆਂ ਨਾਲੋਂ ਕਾਫ਼ੀ ਪੱਛੜ ਗਈਆਂ। ਇਹਨਾਂ ਜਾਤੀਆਂ ਦੇ ਚਹੁਮੁਖੀ ਵਿਕਾਸ ਲਈ ਡਾ. ਭੀਮ ਰਾਓ ਅੰਬੇਡਕਰ ਨੇ ਸੰਵਿਧਾਨ ਦੀ ਧਾਰਾ 343 ਅਧੀਨ ਅਨੁਸੂਚਿਤ ਕਬੀਲੇ ਦਾ ਸਾਢੇ 7 ਪ੍ਰਤੀਸ਼ਤ ਕੋਟਾ ਨੌਕਰੀਆਂ ਵਿਚ ਤੇ ਹੋਰ ਸਹੂਲਤਾਂ ਦੇਣਾ ਦਰਜ ਕੀਤਾ ਹੋਇਆ ਹੈ, ਜੋ ਕਿ ਸਮੁੱਚੇ ਭਾਰਤ ਵਿੱਚ ਲਾਗੂ ਹੈ। ਪਰ ਪੰਜਾਬ ਤੇ ਹਰਿਆਣਾ ਵਿਚ ਵਸਦੀਆਂ ਵਿਮੁਕਤ ਜਾਤੀਆਂ ਨੂੰ ਇਹਨਾਂ ਹੱਕਾਂ ਤੋਂ ਅਜੇਂ ਤੱਕ ਵਾਞਾਂ ਰੱਖਿਆ ਹੋਇਆ ਹੈ। ਜਦੋਂ ਕਿ ਕੇਂਦਰ ਸਰਕਾਰ ਵੱਲੋਂ ਬੈਠਾਏ ਗਏ ਵੱਖ ਵੱਖ ਕਮਿਸ਼ਨਾ ਮਾਨਯੋਗ, ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ 5 ਨਵੰਬਰ 1982 ਦੇ ਫੈਸਲੇ, ਪਟਿਆਲਾ ਯੂਨੀਵਰਸਿਟੀ ਦੀ 31 ਮਈ 2007 ਦੀ ਰਿਪੋਰਟ ਅਤੇ ਮੌਜੂਦਾ ਕੇਂਦਰ ਸਰਕਾਰ ਵੱਲੋਂ ਬੈਠਾਏ ਗਏ ਘੁੰਮਤੂ ਅਤੇ ਅਰਧ ਕਮਿਸ਼ਨ ਦੀ 2 ਜੁਲਾਈ 2008 ਦੀ ਰਿਪੋਰਟ ਮੁਤਾਬਿਕ ਇਹਨਾ ਜਾਤੀਆਂ ਦਾ ਅਨੁਸੂਚਿਤ ਕਬੀਲੇ ਦੇ ਕੋਟੇ ਦਾ ਸੰਵਿਧਾਨਿਕ ਹੱਕ ਬਣਦਾ ਹੈ। ਇਹਨਾ ਵਿਚਾਰਾ ਦਾ ਪ੍ਰਗਟਾਵਾਂ ਅਖਿਲ ਭਾਰਤੀਯ ਸਮੱਸਤ ਬਾਵਰੀਆਂ ਸਮਾਜ ਸੰਗਠਨ ਵੱਲੋਂ ਮੁਕਤਸਰ ਦੇ ਇਤਿਹਾਸਕ ਮਾਘੀ ਮੇਲਾ ਤੇ ਕੱਚਾ ਥਾਂਦੇਵਾਲਾ (ਬਾਕੀ ਸਫਾ 2 'ਤੇ)

## ਧਰਤੀ ਉਪਰ ਇਕ ਦਿਓ ਹੈ ਜੋ ਲੰਬੀ ਹਲਕੇ ਤੋਂ ਚੋਣਾਂ ਜਿੱਤ ਕੇ ਗਰੀਬਾਂ ਦੇ ਪੈਸੇ ਖਾਣ ਵਾਲਾ ਦਿਓ ਹੈ-ਭੱਠਲ



ਮੁਕਤਸਰ, 13 ਜਨਵਰੀ (ਪਰਮਜੀਤ/ਸ਼ਮਿੰਦਰਪਾਲ/ਸੁਰੇਸ਼ ਗਰਗ)-ਅੱਜ ਮੇਲਾ ਮਾਘੀ ਦੇ ਪਵਿੱਤਰ ਦਿਹਾੜੇ ਤੇ ਕਾਂਗਰਸ ਪਾਰਟੀ ਵੱਲੋਂ ਵਿਸ਼ਾਲ ਕਾਨਫਰੰਸ ਕੀਤੀ ਗਈ। ਇਸ ਕਾਨਫਰੰਸ ਨੂੰ ਸੰਬੋਧਨ ਕਰਦਿਆ ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਸ: ਮਹਿੰਦਰ ਸਿੰਘ ਕੇ ਪੀ ਨੇ ਕਿਹਾ ਕਿ ਪੰਜਾਬ ਅੰਦਰ ਮੌਜ਼ੂਦਾ ਸਰਕਾਰ ਵੱਲੋਂ ਆਪਣਾ ਹੀ ਟੱਬਰ ਪਾਲਿਆ ਜਾ ਰਿਹਾ ਹੈ, ਜਦ ਕਿ ਸੂਬੇ ਦਾ ਹਰ ਵਰਗ ਦੁਖੀ ਤੇ ਪ੍ਰੇਸ਼ਾਨ ਹੈ। ਉਹਨਾ ਕਿਹਾ ਕਿ ਸੂਬੇ ਦਾ 70ਪ੍ਰਤੀਸ਼ਤ ਪੈਸਾ ਬਾਦਲ ਸਰਕਾਰ ਵੱਲੋਂ ਆਪਣੀਆਂ ਜੇਬਾਂ ਵਿਚ ਪਾਇਆ ਜਾ ਰਿਹਾ ਹੈ ਅਤੇ ਰਾਜ ਨਹੀਂ ਸੇਵਾ ਦਾ ਨਾਅਰਾ ਦੇਣ ਵਾਲੀ ਸੂਬੇ ਦੀ ਅਕਾਲੀ ਭਾਜਪਾ ਸਰਕਾਰ ਵੱਲੋਂ ਈ ਟੀ ਟੀ ਅਧਿਆਪਕਾਂ ਤੇ ਆਂਗਣਵਾੜੀ ਵਰਕਰਾਂ ਤੇ ਜਿਸ ਪ੍ਰਕਾਰ ਲਾਠੀਚਾਰਜ ਕੀਤਾ ਜਾ ਰਿਹਾ ਹੈ, ਅਸੀਂ ਦੇਖ ਹੀ ਰਹੇ ਹਾਂ ਕਿ ਮੌਜ਼ੂਦਾ ਸਰਕਾਰ ਦੇ ਰਾਜ ਵਿੱਚ ਕਿਸ ਪ੍ਰਕਾਰ ਦੀ ਸੇਵਾ ਹੋ ਰਹੀ ਹੈ। ਸ: ਕੇ ਪੀ ਨੇ ਕਿਹਾ ਕਿ ਬਾਦਲ ਸਰਕਾਰ ਵੱਲੋਂ 50 ਹਜ਼ਾਰ ਰੁਪਏ ਤੋਂ ਵਧੇਰੇ ਪੈਸਾ (ਬਾਕੀ ਸਫਾ 2 'ਤੇ)

## ਮਹਿੰਗਾਈ 'ਤੇ ਕੇਂਦਰ ਗੰਭੀਰ, 27 ਨੂੰ ਮੁੱਖ ਮੰਤਰੀਆਂ ਦੀ ਬੈਠਕ

ਨਵੀਂ ਦਿੱਲੀ, 13 ਜਨਵਰੀ (ਵਿਸ਼ਵ ਵਾਰਤਾ)-ਕੇਂਦਰੀ ਖੇਤੀਬਾੜੀ ਮੰਤਰੀ ਸ਼ਰਦ ਪਵਾਰ ਨੇ ਅੱਜ ਕੈਬਨਿਟ ਦੀ ਬੈਠਕ ਤੋਂ ਬਾਅਦ ਕਿਹਾ ਕਿ ਕੇਂਦਰ ਸਰਕਾਰ ਮਹਿੰਗਾਈ ਦੇ ਮੁੱਦੇ 'ਤੇ ਗੰਭੀਰ ਹੈ ਅਤੇ ਇਸ 'ਤੇ ਲਗਾਮ ਕਸਣ ਲਈ ਜ਼ਰੂਰੀ ਕਦਮ ਉਠਾਏ ਜਾਣਗੇ। ਪਵਾਰ ਨੇ ਪ੍ਰੈਸ ਕਾਨਫਰੰਸ ਵਿੱਚ ਕਈ ਅਹਿਮ ਜਾਣਕਾਰੀਆਂ ਦਿੰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ 27 ਜਨਵਰੀ ਨੂੰ ਰਾਜਾਂ ਦੇ ਮੁੱਖ ਮੰਤਰੀਆਂ ਦੀ ਬੈਠਕ ਬੁਲਾਈ ਹੈ। ਇਸ ਬੈਠਕ ਵਿੱਚ ਮਹਿੰਗਾਈ 'ਤੇ ਕਾਬੂ ਕਰਨ ਦੇ ਉਪਾਆਂ 'ਤੇ ਚਰਚਾ ਕੀਤੀ ਜਾ ਸਕਦੀ ਹੈ। ਮਹਿੰਗਾਈ 'ਤੇ ਸਾਰੀਆਂ ਰਾਜ ਸਰਕਾਰਾਂ ਨੂੰ ਲੰਬੇ ਹੱਥੀਂ ਲੈਂਦਿਆਂ ਪਵਾਰ ਨੇ ਕਿਹਾ ਕਿ ਇਸ 'ਤੇ ਕਾਬੂ ਪਾਉਣ ਲਈ ਸਾਰੇ ਰਾਜਾਂ ਨੂੰ ਠੋਸ ਕਦਮ ਉਠਾਏ ਪੈਣਗੇ। ਪਵਾਰ ਨੇ ਦੱਸਿਆ ਕਿ ਆਮ ਜਨਤਾ ਨੂੰ ਮਹਿੰਗਾਈ ਤੋਂ ਰਾਹਤ ਦਿਵਾਉਣ ਲਈ ਖੁੱਲ੍ਹੇ ਬਾਜ਼ਾਰ ਵਿੱਚ ਕਣਕ ਤੇ ਚੌਲ ਉਤਾਰੇ ਜਾਣਗੇ। ਉਹਨਾਂ ਕਿਹਾ ਕਿ 20-30 ਲੱਖ ਟਨ ਕਣਕ ਤੇ ਚੌਲ ਬਾਜ਼ਾਰ ਵਿੱਚ ਵੇਚਿਆ ਜਾਵੇਗਾ। ਇਸ ਤੋਂ ਇਲਾਵਾ ਰਾਜ ਸਰਕਾਰਾਂ ਨੂੰ ਸਖ਼ਤ ਹਦਾਇਤ ਦਿੰਦੇ ਹੋਏ ਪਵਾਰ ਨੇ ਕਿਹਾ ਕਿ ਰਾਜ ਸਰਕਾਰਾਂ ਕਣਕ ਤੇ ਚੌਲ ਦਾ ਪੂਰਾ ਕੋਟਾ ਉਠਾਉਣ। ਉਹਨਾਂ ਇਹ ਵੀ ਕਿਹਾ ਕਿ ਸਰਕਾਰ ਅਨਾਜ ਵੰਡਣ ਦੀ ਸਮੀਖਿਆ ਕਰੇਗੀ। ਪਵਾਰ ਨੇ ਕਿਹਾ ਕਿ ਚੀਨੀ ਦੀਆਂ ਬੇ-ਹਿਸਾਬ ਵਧਦੀਆਂ ਕੀਮਤਾਂ ਨੂੰ ਦੇਖਦੇ ਹੋਏ ਕੈਬਨਿਟ ਦੀ ਬੈਠਕ ਵਿੱਚ ਫੈਸਲਾ ਲਿਆ ਗਿਆ ਹੈ ਕਿ ਮੌਜੂਦਾ ਸਾਲ ਵਿੱਚ ਬਗੈਰ ਡਿਊਟੀ ਦੇ ਚੀਨੀ ਦਾ ਆਯਾਤ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ ਹਾਲੇ ਵੀ ਬੰਦਰਗਾਹਾਂ 'ਤੇ 9 ਲੱਖ ਟਨ ਚੀਨੀ ਪਈ ਹੋਈ ਹੈ। ਮਹਿੰਗਾਈ 'ਤੇ ਦਿੱਤੇ ਗਏ ਗੈਰ-ਜ਼ਿੰਮੇਵਾਰਾਨਾ ਬਿਆਨ ਤੋਂ ਬਾਅਦ ਚਾਰੇ ਪਾਸਿਉਂ ਆਲੋਚਨਾ ਝੱਲ ਰਹੇ ਖੇਤੀਬਾੜੀ ਮੰਤਰੀ ਨੇ ਕਿਹਾ ਕਿ ਉਤਰ ਪ੍ਰਦੇਸ਼ ਸਰਕਾਰ ਕੱਚੀ ਚੀਨੀ ਦੀ ਪ੍ਰੋਸੈਸਿੰਗ ਤੋਂ ਰੋਕ ਹਟਾਵੇ। ਕੇਂਦਰ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਆਯਾਤਿਤ ਚੀਨੀ ਦੀ ਪ੍ਰੋਸੈਸਿੰਗ ਹੁਣ ਦੇਸ਼ ਵਿੱਚ ਕਦੇ ਵੀ ਹੋ ਸਕਦੀ ਹੈ। ਬੈਠਕ ਵਿੱਚ ਨੇਪਾਲ ਨੂੰ ਹੋ ਰਹੀ ਗੰਨੇ ਦੀ ਤਸਕਰੀ 'ਤੇ ਰੋਕ ਲਗਾਉਣ ਦੀ ਗੱਲ 'ਤੇ ਵੀ ਜ਼ੋਰ ਦਿੱਤਾ ਗਿਆ ਹੈ। ਅੱਜ ਹੋਈ ਬੈਠਕ ਵਿੱਚ ਮਹਿੰਗਾਈ ਰੋਕਣ ਲਈ ਰਾਜ ਸਰਕਾਰਾਂ ਨੂੰ ਜਮਾਂਖੋਰੀ 'ਤੇ ਸਖ਼ਤ ਕਦਮ ਉਠਾਉਣ ਦੀ ਗੱਲ ਕੀਤੀ ਗਈ ਹੈ। ਪਵਾਰ ਨੇ ਕਿਹਾ ਕਿ ਰਾਜ ਸਰਕਾਰਾਂ ਜ਼ਰੂਰੀ ਵਸਤਾਂ ਦੀ ਜਮਾਂਖੋਰੀ ਖ਼ਿਲਾਫ ਸਖ਼ਤ ਕਾਰਵਾਈ ਕਰੇ। ਜ਼ਿਕਰਯੋਗ ਹੈ ਕਿ ਖਾਦ ਪਦਾਰਥਾਂ ਦੀ ਤੇਜ਼ੀ ਨਾਲ ਵਧਦੀਆਂ ਕੀਮਤਾਂ 'ਤੇ ਲਗਾਮ ਕਸਣ ਲਈ ਅੱਜ ਕੇਂਦਰ ਸਰਕਾਰ ਨੇ ਕੈਬਨਿਟ ਕਮੇਟੀ ਦੀ ਬੈਠਕ ਬੁਲਾਈ ਸੀ। ਪ੍ਰਧਾਨ ਮੰਤਰੀ ਨਿਵਾਸ 'ਤੇ ਹੋਈ ਇਸ ਬੈਠਕ ਵਿੱਚ ਮਹਿੰਗਾਈ ਦੇ ਮੁੱਦੇ 'ਤੇ ਚਿੰਤਾ ਪ੍ਰਗਟ ਕੀਤੀ ਗਈ।

## '84 ਦੇ ਸਿੱਖ ਵਿਰੋਧੀ ਦੰਗੇ
## ਸੱਜਣ ਕੁਮਾਰ ਖ਼ਿਲਾਫ ਚਾਰਜਸ਼ੀਟ ਦਾਇਰ



ਨਵੀਂ ਦਿੱਲੀ, 13 ਜਨਵਰੀ (ਵਿਸ਼ਵ ਵਾਰਤਾ)-ਸੀ.ਬੀ.ਆਈ. ਨੇ 1984 ਦੇ ਸਿੱਖ ਵਿਰੋਧੀ ਦੰਗਾ ਮਾਮਲੇ ਵਿੱਚ ਕਾਂਗਰਸ ਦੇ ਸਾਬਕਾ ਸਾਂਸਦ ਸੱਜਣ ਕੁਮਾਰ 'ਤੇ ਸ਼ਿਕੰਜਾ ਕਸਦੇ ਹੋਏ ਅੱਜ ਚਾਰਜਸ਼ੀਟ ਦਾਇਰ ਕਰ ਦਿੱਤੀ। ਸੀ.ਬੀ.ਆਈ. ਨੇ ਸੱਜਣ ਕੁਮਾਰ ਖ਼ਿਲਾਫ ਤੀਹ ਹਜ਼ਾਰੀ ਕੋਰਟ ਵਿੱਚ ਦੋ ਦੋਸ਼-ਪੱਤਰ ਦਾਇਰ ਕੀਤੇ ਹਨ। ਸੂਤਰਾਂ ਅਨੁਸਾਰ 1984 ਵਿੱਚ ਦਿੱਲੀ ਕੈਂਟ ਅਤੇ ਮੰਗਲਪੁਰ ਇਲਾਕੇ ਵਿੱਚ ਭੜਕੇ ਦੰਗਿਆਂ ਦੇ ਮਾਮਲੇ ਵਿੱਚ ਸੀ.ਬੀ.ਆਈ. ਨੇ ਸੱਜਣ ਕੁਮਾਰ ਨੂੰ ਦੋਸ਼ੀ ਬਣਾਇਆ ਹੈ। ਸੱਜਣ ਕੁਮਾਰ ਖ਼ਿਲਾਫ ਆਈ.ਪੀ.ਸੀ. ਦੀ ਧਾਰਾ 302 (ਹੱਤਿਆ) ਅਤੇ 153 ਏ (ਦੋ ਭਾਈਚਾਰਿਆਂ ਵਿਚਾਲੇ ਦੰਗਾ ਭੜਕਾਉਣ) ਦੇ ਤਹਿਤ ਦੋਸ਼ ਤੈਅ ਕੀਤੇ ਗਏ ਹਨ। ਜ਼ਿਕਰਯੋਗ ਹੈ ਕਿ ਦੰਗਿਆਂ ਦੌਰਾਨ ਦਿੱਲੀ ਕੈਂਟ ਵਿੱਚ 5 ਅਤੇ ਮੰਗਲਪੁਰ ਇਲਾਕੇ ਵਿੱਚ 7 ਮਾਰੇ ਗਏ ਸਨ। ਇਸ ਦੌਰਾਨ ਤੀਹ ਹਜ਼ਾਰੀ ਕੋਰਟ ਨੇ ਇਸ ਮਾਮਲੇ ਨੂੰ ਕੜਕੜ-ਡੂਮਾ ਕੋਰਟ ਵਿੱਚ ਤਬਦੀਲ ਕਰ ਦਿੱਤਾ ਹੈ ਜਿੱਥੇ ਸੋਮਵਾਰ ਨੂੰ ਸੁਣਵਾਈ ਹੋਵੇਗੀ।

## ਮਾਘੀ ਮੇਲੇ 'ਤੇ ਲੱਖਾਂ ਸ਼ਰਧਾਲੂਆਂ ਨੇ ਸਰੋਵਰਾਂ 'ਚ ਕੀਤਾ ਇਸ਼ਨਾਨ

ਅੰਮ੍ਰਿਤਸਰ, 13 ਜਨਵਰੀ (ਮੋਤਾ ਸਿੰਘ)-40 ਮੁਕਤਿਆਂ ਦੀ ਯਾਦ ਨੂੰ ਸਮਰਪਿਤ ਮਾਘੀ ਮੇਲਾ ਮੁਕਤਸਰ ਵਿਚ ਬੜੀ ਧੂਮ-ਧਾਮ ਤੇ ਸ਼ਰਧਾ ਪੂਰਵਕ ਮਨਾਇਆ ਗਿਆ। ਸਿੱਖ ਸੂਤਰਾਂ ਦੇ ਅਨੁਸਾਰ ਮਾਘੀ ਮੇਲਾ ਹਰ ਸਾਲ 13 ਜਨਵਰੀ ਨੂੰ ਉਨ੍ਹਾਂ 40 ਸਿੰਘਾਂ ਦੀ ਕੁਰਬਾਨੀ ਦੀ ਯਾਦ ਵਿਚ ਮਨਾਇਆ ਜਾਂਦਾ ਹੈ, ਜੋ ਮੁਕਤਸਰ ਵਿਚ ਮੁਗਲ ਫੌਜਾਂ ਦੇ ਨਾਲ ਲੜਾਈ ਵਿਚ ਸ਼ਹੀਦ ਹੋ ਗਏ ਸਨ। ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਨ੍ਹਾਂ ਸਾਰੇ ਸਿੰਘਾਂ ਦਾ ਆਪਣੇ ਹੱਥੀਂ ਸੰਸਕਾਰ ਕੀਤਾ ਸੀ ਅਤੇ ਉਨ੍ਹਾਂ ਨੂੰ ਮੁਕਤੀ ਦਾ ਵਰਦਾਨ ਦਿੱਤਾ ਗਿਆ ਸੀ। ਮਾਘੀ ਮੇਲੇ ਵਿਚ ਵੱਖ-ਵੱਖ ਰਾਜਾਂ ਤੋਂ ਆਏ ਲੱਖਾਂ ਸ਼ਰਧਾਲੂਆਂ ਨੇ ਸ੍ਰੀ ਦਰਬਾਰ ਸਾਹਿਬ ਮੁਕਤਸਰ ਦੇ ਸਰੋਵਰ ਵਿਚ ਅੱਜ ਇਸ਼ਨਾਨ ਕੀਤਾ ਅਤੇ ਗੁਰਦੁਆਰਿਆਂ ਵਿਚ ਮੱਥਾ ਟੇਕਣ ਤੋਂ ਉਪਰੰਤ ਸ਼ਹੀਦਾਂ ਨੂੰ ਸ਼ਰਧਾ ਪੂਰਵਕ ਸ਼ਰਧਾਂਜਲੀ ਭੇਂਟ ਕੀਤੀ। ਇਸ ਮੌਕੇ 'ਤੇ ਵੱਖ-ਵੱਖ ਰਾਜਨੀਤਿਕ ਪਾਰਟੀਆਂ ਨੇ ਆਪਣੀਆਂ ਰਾਜਸੀ ਕਾਨਫਰੰਸਾਂ ਆਯੋਜਿਤ ਕਰਕੇ ਲੋਕਾਂ ਨੂੰ ਪਾਰਟੀ ਵਿਚ ਕੰਮ-ਕਾਜ ਤੇ ਨੀਤੀਆਂ ਤੋਂ ਜਾਣੂ ਕਰਵਾਇਆ।

## ਹੈਤੀ 'ਚ ਸ਼ਕਤੀਸ਼ਾਲੀ ਭੂਚਾਲ
# ਹਜ਼ਾਰਾਂ ਮੌਤਾਂ ਦਾ ਖਦਸ਼ਾ



ਪੋਰਟ ਓ ਪ੍ਰਿੰਸ, 13 ਜਨਵਰੀ (ਵਿਸ਼ਵ ਵਾਰਤਾ)-ਹੈਤੀ ਵਿੱਚ ਮੰਗਲਵਾਰ ਨੂੰ ਆਏ ਸ਼ਕਤੀਸ਼ਾਲੀ ਭੂਚਾਲ ਵਿੱਚ ਹਜ਼ਾਰਾਂ ਲੋਕਾਂ ਦੇ ਮਾਰੇ ਜਾਣ ਦਾ ਖਦਸ਼ਾ ਹੈ। ਭੂਚਾਲ ਨਾਲ ਰਾਜਧਾਨੀ ਪੋਰਟ ਓ ਪ੍ਰਿੰਸ ਦੀਆਂ ਕਈ ਇਮਾਰਤਾਂ ਢਹਿ ਗਈਆਂ ਹਨ ਅਤੇ ਕਈ ਸਥਾਨਿਕ ਨਿਵਾਸੀ ਉਸ ਦੇ ਹੇਠਾਂ ਦਬ ਗਏ ਹਨ। ਮੰਨਿਆ ਜਾ ਰਿਹਾ ਹੈ ਕਿ ਪਿਛਲੇ 200 ਸਾਲਾਂ ਵਿੱਚ ਹੈਤੀ ਵਿੱਚ ਇਹ ਸਭ ਤੋਂ ਸ਼ਕਤੀਸ਼ਾਲੀ ਭੂਚਾਲ ਸੀ। ਸੂਤਰਾਂ ਅਨੁਸਾਰ ਭੂਚਾਲ ਦੀ ਤੀਬਰਤਾ ਰਿਕਟਰ ਪੈਮਾਨੇ 'ਤੇ ਸੱਤ ਮਾਪੀ ਗਈ ਹੈ। ਇਸ ਭੂਚਾਲ ਦਾ ਕੇਂਦਰ ਰਾਜਧਾਨੀ ਤੋਂ ਸਿਰਫ਼ 16 ਕਿਲੋਮੀਟਰ ਦੂਰ ਅਤੇ ਜ਼ਮੀਨ ਤੋਂ ਕੇਵਲ 10 ਕਿਲੋਮੀਟਰ ਹੇਠਾਂ ਸੀ। ਇਸ ਭਿਆਨਕ ਭੂਚਾਲ ਨਾਲ ਭਾਰੀ ਗਿਣਤੀ ਵਿੱਚ ਇਮਾਰਤਾਂ ਢਹਿ ਗਈਆਂ ਹਨ ਜਿਸ ਕਰਕੇ ਕਈ ਲੋਕਾਂ ਦੀ ਮੌਤ ਹੋ ਗਈ ਹੈ। ਮਲਬੇ ਦੀ ਵਜ੍ਹਾ ਕਰਕੇ ਸੜਕਾਂ 'ਤੇ ਆਵਾਜਾਈ ਠੱਪ ਹੋ ਗਈ ਹੈ। ਪ੍ਰਸ਼ਾਂਤ ਮਹਾਸਾਗਰ ਦੇ ਸੁਨਾਮੀ ਚਿਤਾਵਨੀ ਕੇਂਦਰੀ ਨੇ ਕਈ ਕੈਰੇਬਿਆਹੀ ਇਲਾਕਿਆਂ ਵਿੱਚ ਸੁਨਾਮੀ ਦੀ ਚਿਤਾਵਨੀ ਜਾਰੀ ਕੀਤੀ ਹੈ। ਭੂਚਾਲ ਨਾਲ ਲੋਕਾਂ ਵਿੱਚ ਡਰ ਫੈਲਿਆ ਹੋਇਆ ਹੈ ਅਤੇ ਉਹ ਮਲਬੇ ਤੋਂ ਲੋਕਾਂ ਨੂੰ ਕੱਢਣ ਦਾ ਯਤਨ ਕਰ ਰਹੇ ਹਨ। ਜ਼ਿਕਰਯੋਗ ਹੈਂ ਕ ਰਿਕਟਰ ਪੈਮਾਨੇ 'ਤੇ 7 ਜਾਂ ਉਸ ਤੋਂ ਜ਼ਿਆਦਾ ਦੀ ਤੀਵਰਤਾ ਵਾਲੇ ਭੂਚਾਲ ਨੂੰ ਕਾਫ਼ੀ ਵਿਨਾਸ਼ਕਾਰੀ ਮੰਨਿਆ ਜਾਂਦਾ ਹੈ।



## ...ਆਖਿਰ ਸੁਣੀ ਹੀ ਗਈ ਪੁਲਿਸ ਲਾਈਨ ਜਲੰਧਰ ਦੀ

ਬੁੱਧਵਾਰ ਨੂੰ ਸਥਾਨਕ ਸਰਕਾਰਾਂ ਬਾਰੇ ਮੰਤਰੀ ਮਨੋਰੰਜਨ ਕਾਲੀਆ ਨੇ 71,52000 ਰੁਪਏ ਦਾ ਚੈੱਕ ਐਸ. ਐਸ. ਪੀ. ਜਲੰਧਰ ਸ੍ਰੀ ਆਰ ਕੇ. ਜੈਸਵਾਲ ਨੂੰ ਸੌਂਪਿਆ ਇਸ ਨਾਲ ਪੁਲਿਸ ਲਾਈਨ ਦੇ 400 ਘਰਾਂ ਨੂੰ ਸੀਵਰੇਜ ਅਤੇ ਵਾਟਰ ਸਪਲਾਈ ਦੀ ਆਧੁਨਿਕ ਸਹੂਲਤ ਮਿਲੇਗੀ। ਤਸਵੀਰ ਵਿੱਚ ਸ੍ਰੀ ਐਸ. ਕੇ.ਸ਼ਰਮਾ ਡਾਇਰੈਕਟਰ ਲੋਕਲ ਬਾਡੀਜ਼, ਐਸ. ਪੀ. ਸਿਟੀ ਸ੍ਰੀ ਐਸ. ਕੇ ਕਾਲੀਆ ਅਤੇ ਐਸ. ਪੀ. ਐਚ. ਸਤਿੰਦਰ ਸਿੰਘ ਮੰਤਰੀ ਤੋਂ ਚੈੱਕ ਪ੍ਰਾਪਤ ਕਰਦੇ ਹੋਏ। (ਬਾਕੀ ਖਬਰ ਸਫਾ 2 'ਤੇ)
ਵੇਰਵਾ : ਮਨਜੀਤ ਮਨੀ, ਤਸਵੀਰ :ਕੁਲਦੀਪ ਸਿੰਘ



## ਜੋਤੀ ਬਾਸੂ ਦੀ ਹਾਲਤ 'ਚ ਮਾਮੂਲੀ ਸੁਧਾਰ



ਕੋਲਕਾਤਾ, 13 ਜਨਵਰੀ (ਵਿਸ਼ਵ ਵਾਰਤਾ)- ਮਾਰਕਸੀ ਆਗੂ ਤੇ ਪੱਛਮੀ ਬੰਗਾਲ ਦੇ ਸਾਬਕਾ ਮੁੱਖ ਮੰਤਰੀ ਜੋਤੀ ਬਾਸੂ (95) ਦੀ ਹਾਲਤ ਵਿਚ ਮਾਮੂਲੀ ਸੁਧਾਰ ਹੋਇਆ ਹੈ ਪਰ ਹਾਲਤ ਗੰਭੀਰ ਹੈ। ਹਾਲੇ ਵੀ ਉਨ੍ਹਾਂ ਨੂੰ ਜੀਵਨ ਸੁਰੱਖਿਅਕ ਸਾਹ ਪ੍ਰਣਾਲੀ (ਵੈਂਟੀਲੇਟਰ) 'ਤੇ ਰੱਖਿਆ ਹੋਇਆ ਹੈ। ਬੀਤੀ ਇਕ ਜਨਵਰੀ ਤੋਂ ਬਾਸੂ ਨਮੋਨੀਆ ਤੋਂ ਪੀੜਤ ਹਨ। ਡਾਕਟਰਾਂ ਦਾ ਕਹਿਣਾ ਹੈ ਕਿ ਬਾਸੂ ਨੂੰ ਦਿੱਤੀ ਜਾ ਰਹੀ ਆਕਸੀਜਨ ਦਾ ਕੇਵਲ 40 ਫੀਸਦੀ ਹੀ ਲੈ ਪਾ ਰਹੇ ਹਨ। ਇਸ ਦੌਰਾਨ ਡਾਕਟਰ ਲਗਾਤਾਰ ਉਨ੍ਹਾਂ ਦੀ ਦੇਖਭਾਲ ਕਰ ਰਹੇ ਹਨ। ਉਨ੍ਹਾਂ ਨੂੰ ਤਰਲ ਆਹਾਰ ਦਿੱਤਾ ਜਾ ਰਿਹਾ ਹੈ ਅਤੇ ਦਵਾਈ ਰਾਹੀਂ ਉਨ੍ਹਾਂ ਦੇ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕੀਤਾ ਜਾ ਰਿਹਾ ਹੈ।

## ਪੰਜਾਬ 'ਚ 19 ਬਾਲ ਨਿਆਂ ਬੋਰਡ ਕਾਇਮ

ਨਵੀਂ ਦਿੱਲੀ, 13 ਜਨਵਰੀ (ਵਿਸ਼ਵ ਵਾਰਤਾ)-ਬਾਲ ਅਪਰਾਧੀਆਂ ਦੇ ਮਾਮਲਿਆਂ ਦੇ ਨਿਪਟਾਰੇ ਵਿੱਚ ਤੇਜ਼ੀ ਲਿਆਉਣ ਦੇ ਮੰਤਵ ਨਾਲ ਕੇਂਦਰ ਨੇ ਰਾਜ ਸਰਕਾਰਾਂ ਨੂੰ ਬਾਲ ਨਿਆਂ ਬੋਰਡ ਦੇ ਗਠਨ ਦੀ ਹਦਾਇਤ ਕੀਤੀ ਹੈ। ਕੇਂਦਰ ਸਰਕਾਰ ਦਾ ਇਰਾਦਾ ਹੈ ਕਿ ਹਰ ਇੱਕ ਜ਼ਿਲ੍ਹੇ ਵਾਸਤੇ ਵੱਖਰੇ ਬਾਲ ਨਿਆਂ ਬੋਰਡ ਦਾ ਗਠਨ ਕੀਤਾ ਜਾਵੇ ਤਾਂ ਜੋ ਬਾਲ ਅਪਰਾਧੀਆਂ ਦੇ ਮਾਮਲੇ ਦੀ ਸੁਣਵਾਈ ਵਿੱਚ ਤੇਜ਼ੀ ਲਿਆ ਕੇ ਉਨ੍ਹਾਂ ਦਾ ਫੌਰੀ ਨਿਪਟਾਰਾ ਕੀਤਾ ਜਾਵੇ। ਇਸ ਵੇਲੇ ਦੇਸ਼ ਭਰ ਵਿੱਚ 377 ਬਾਲ ਨਿਆਂ ਬੋਰਡ ਸਥਾਪਿਤ ਕੀਤੇ ਜਾ ਚੁੱਕੇ ਹਨ। ਪੰਜਾਬ ਵਿੱਚ 19 ਬਾਲ ਨਿਆਂ ਬੋਰਡ ਕਾਇਮ ਕੀਤੇ ਜਾ ਚੁੱਕੇ ਹਨ। ਕੇਂਦਰ ਨੇ ਰਾਜ ਸਰਕਾਰਾਂ ਨੂੰ ਬਾਲ ਸੁਧਾਰ ਘਰਾਂ ਵਿੱਚ ਬੁਨਿਆਦੀ ਸਹੂਲਤਾਂ ਮਜ਼ਬੂਤ ਕਰਨ ਦੀ ਲੋੜ 'ਤੇ ਵੀ ਜ਼ੋਰ ਦਿੱਤਾ ਹੈ ਤਾਂ ਜੋ ਉਥੇ ਰਹਿੰਦੇ ਬਾਲਾਂ ਨੂੰ ਵਧੀਆ ਮਾਹੌਲ ਵਿੱਚ ਰੱਖਿਆ ਜਾ ਸਕੇ। ਦੇਸ਼ ਦੇ ਵੱਖ-ਵੱਖ ਰਾਜਾਂ ਵਿੱਚ ਮੌਜੂਦਾ ਸਮੇਂ ਵਿੱਚ 298 ਬਾਲ ਸੁਧਾਰ ਘਰ ਸਥਾਪਿਤ ਕੀਤੇ ਗਏ ਹਨ। ਪੰਜਾਬ ਵਿੱਚ ਬਾਲ ਸੁਧਾਰ ਘਰਾਂ ਦੀ ਗਿਣਤੀ ਚਾਰ ਹੈ।

## ਬਾਦਲ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਖਫਾ

ਚੰਡੀਗੜ੍ਹ, 13 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਮੰਤਰੀ ਮੰਡਲ ਦੇ ਫੈਸਲੇ ਲਾਗੂ ਕਰਨ ਵਿੱਚ ਹੋ ਰਹੀ ਦੇਰੀ ਨੂੰ ਲੈ ਕੇ ਪੰਜਾਬ ਦੇ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਨਾਲ ਖਫਾ ਹਨ। ਮੁੱਖ ਮੰਤਰੀ ਦੇ ਆਦੇਸ਼ਾਂ ਤੇ ਰਾਜ ਦੇ ਮੁੱਖ ਸਕੱਤਰ ਨੇ ਸਾਰੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਮੰਤਰੀ ਮੰਡਲ ਦਾ ਹਰੇਕ ਫੈਸਲਾ ਦਸ ਦਿਨਾਂ ਦੇ ਅੰਦਰ-ਅੰਦਰ ਲਾਗੂ ਕਰਕੇ ਰਿਪੋਰਟ ਜਾਰੀ ਕਰ ਦਿੱਤੀ ਜਾਵੇ। ਸੂਤਰਾਂ ਅਨੁਸਾਰ ਮੁੱਖ ਸਕੱਤਰ ਦਾ ਦਫਤਰ ਮੰਤਰੀ ਮੰਡਲ ਦੀ ਬੈਠਕ ਵਿੱਚ ਹੋਣ ਵਾਲੇ ਸਾਰੇ ਫੈਸਲਿਆਂ ਦੀ ਸਟੇਟਸ ਰਿਪੋਰਟ ਤਿਆਰ ਕਰਦਾ ਹੈ। ਮੰਤਰੀ ਮੰਡਲ ਦੀ ਬੈਠਕ ਵਿੱਚ ਹੋਣ ਵਾਲੇ ਫੈਸਲੇ ਨੂੰ ਲਾਗੂ ਕਰਕੇ ਸੰਬੰਧਿਤ ਵਿਭਾਗ ਨੂੰ ਮੁੱਖ ਸਕੱਤਰ ਦਫਤਰ ਵਿੱਚ ਸੂਚਿਤ ਵੀ ਕਰਨਾ ਹੁੰਦਾ ਹੈ ਤੇ ਨਾਲ ਹੀ ਨਾਲ ਸਮੇਂ-ਸਮੇਂ 'ਤੇ ਫੈਸਲੇ ਦੀ ਜਾਣਕਾਰੀ ਦੇਣੀ ਹੁੰਦੀ ਹੈ, ਪਰ ਪੰਜਾਬ ਵਿੱਚ ਇਹ ਪ੍ਰੰਪਰਾ ਟੁੱਟਦੀ ਜਾ ਰਹੀ।

ਮੁੱਖ ਮੰਤਰੀ ਨੇ ਹੁਣ ਨਿਰਦੇਸ਼ ਜਾਰੀ ਕਰਕੇ ਸਾਰੇ ਸੰਬੰਧਤ ਅਧਿਕਾਰੀਆਂ ਨੂੰ ਚੇਤਾਵਨੀ ਦਿੱਤੀ ਹੈ ਕਿ ਦਸ ਦਿਨਾਂ ਦੇ ਅੰਦਰ-ਅੰਦਰ ਸੂਚਿਤ ਕਰੋ। ਜੇਕਰ ਅਜਿਹਾ ਨਹੀਂ ਹੋਵੇਗਾ ਤਾਂ ਸੰਬੰਧਤ ਵਿਭਾਗ ਦੇ ਨਾਲ ਜਵਾਬ ਤਲਬੀ ਕੀਤੀ ਜਾਵੇਗੀ। ਸੂਤਰਾਂ ਦੇ ਅਨੁਸਾਰ ਮੁੱਖ ਸਕੱਤਰ ਨੇ ਤੁਰੰਤ ਸਾਰੇ ਅਧਿਕਾਰੀਆਂ ਨੂੰ ਮੁੱਖ ਮੰਤਰੀ ਦੀ ਨਰਾਜ਼ਗੀ ਦਾ ਵੀ ਜ਼ਿਕਰ ਕੀਤਾ ਗਿਆ ਹੈ। ਇਹ ਜਾਣਕਾਰੀ ਅਨੁਸਾਰ ਮੁੱਖ ਮੰਤਰੀ ਨੇ ਈ.ਟੀ.ਟੀ. ਅਧਿਆਪਕਾਂ ਨਾਲ ਗੱਲਬਾਤ ਦੇ ਅਧਾਰ 'ਤੇ 2008 ਵਿੱਚ ਅਤੇ ਇਸ ਦੇ ਬਾਅਦ ਮੰਤਰੀ ਮੰਡਲ ਵਿੱਚ ਕਈ ਮਾਮਲਿਆਂ 'ਤੇ ਅਮਲ ਨਹੀਂ ਹੋਇਆ।

## ਬਹੁਤੀ ਜ਼ਮੀਨ ਸਿੰਚਾਈ ਦੇ ਯੋਗ ਹੋਣ ਕਰਕੇ ਖੇਤੀ ਬੀਮਾ ਯੋਜਨਾ ਲਟਕੀ

ਚੰਡੀਗੜ੍ਹ, 13 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਸਰਕਾਰ ਦੀ ਕਈ ਸਾਲਾਂ ਤੋਂ ਖੇਤੀਬਾੜੀ ਬੀਮਾ ਯੋਜਨਾ ਲਾਗੂ ਕਰਨ ਲਈ ਰਾਜਾਂ 'ਤੇ ਦਬਾਅ ਬਣਾ ਰਹੀ ਹੈ। ਲੇਕਿਨ ਪੰਜਾਬ ਅਤੇ ਹਰਿਆਣਾ ਰਾਜਾਂ ਵਿੱਚ ਇਹ ਯੋਜਨਾ ਕਾਫੀ ਸਮੇਂ ਤੋਂ ਅਮਲ ਵਿੱਚ ਨਹੀਂ ਲਿਆਂਦੀ ਜਾ ਰਹੀ, ਜਿਸ ਦਾ ਵੱਡਾ ਕਾਰਨ ਹੈ ਕਿ ਇਨ੍ਹਾਂ ਖੇਤੀ ਪ੍ਰਧਾਨ ਰਾਜਾਂ ਦੀ ਬਹੁਤੀ ਜ਼ਮੀਨ ਸਿੰਚਾਈ ਦੇ ਯੋਗ ਹੋਣਾ ਹੈ। ਜਦੋਂ ਕਿ ਸਿੰਚਾਈ ਲਈ ਚੰਗੇ ਪ੍ਰਬੰਧ ਵੀ ਹੋਣਾ ਹੈ। ਉਨ੍ਹਾਂ ਦੋਹਾਂ ਰਾਜਾਂ ਦੀਆਂ ਫਸਲਾਂ ਨੂੰ ਡਰਾਈ ਇਲਾਕੇ ਦੀ ਨੁਕਸਾਨ ਹੋਣ ਦੇ ਘੱਟ ਹੀ ਅਸਾਰ ਰਹਿੰਦੇ ਹਨ। ਇੱਥੇ ਪ੍ਰੀਮੀਅਰ ਕਿਸ਼ਤ ਜ਼ਿਆਦਾ ਨਹੀਂ ਪੈਂਦੀ ਜਦੋਂ ਕਿ ਪ੍ਰੀਮੀਅਮ ਘੱਟ ਆਉਂਦਾ ਹੈ। ਇਸ ਖੇਤੀ ਬੀਮਾ ਯੋਜਨਾ ਵਿੱਚ ਕਿਸਾਨਾਂ ਨੂੰ ਆਕਰਸ਼ਿਤ ਕਰਨ ਲਈ ਰਾਜ ਸਰਕਾਰ ਇੱਕ ਪ੍ਰਸਤਾਵ ਤਿਆਰ ਕਰ ਰਹੀ ਹੈ ਕਿ ਰਾਜ ਵਿੱਚ ਤਾਪਮਾਨ ਦੇ ਵਧਦੇ ਜਾ ਬਰਸਾਤ ਦੇ ਘੱਟ ਹੋਣ ਦੇ ਕਾਰਨ ਵੀ ਬੀਮਾ ਯੋਜਨਾ ਲਾਗੂ ਨਹੀਂ ਕੀਤੀ ਜਾ ਰਹੀ। ਇਸ ਲਈ ਮੌਨਸੂਨ ਦੇ ਦਿਨਾਂ ਵਿੱਚ ਉਸ ਸਮੇਂ ਨੂੰ ਵੀ ਆਧਾਰ ਬਣਾਇਆ ਜਾ ਰਿਹਾ ਹੈ, ਜਿਸ ਵਿੱਚ ਅਗਰ ਸਾਧਾਰਨ ਬਰਸਾਤ ਨਹੀਂ ਹੁੰਦੀ ਤਾਂ ਘੱਟ ਬਰਸਾਤ ਦੇ ਚੱਲਦੇ ਜੋ (ਬਾਕੀ ਸਫਾ 2 'ਤੇ)

## ਸਾਬਕਾ ਡੀ.ਜੀ.ਪੀ. ਰਾਠੌਰ ਦੀ ਸਜ਼ਾ ਖਤਮ ਕਰਨ ਦੀ ਸੁਣਵਾਈ ਮੁਲਤਵੀ

ਚੰਡੀਗੜ੍ਹ, 13 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਅੱਜ ਹਰਿਆਣਾ ਦੇ ਸਾਬਕਾ ਡਾਇਰੈਕਟਰ ਜਨਰਲ ਪੁਲਿਸ ਐੱਸ.ਪੀ.ਐੱਸ. ਰਾਠੌਰ ਦੀ ਉਸ ਅਪੀਲ 'ਤੇ ਅਦਾਲਤ ਵਿੱਚ ਸੁਣਵਾਈ ਹੋਵੇਗੀ, ਜਿਸ ਵਿੱਚ ਰਾਠੌਰ ਨੇ ਹੇਠਲੀ ਅਦਾਲਤ ਵੱਲੋਂ ਉਨ੍ਹਾਂ ਨੂੰ ਦਫਾ 354 ਤਹਿਤ ਸੁਣਾਈ ਗਈ 6 ਮਹੀਨੇ ਦੀ ਸਜ਼ਾ ਨੂੰ ਖਤਮ ਕਰਨ ਲਈ ਅਪੀਲ ਦਾਇਰ ਕੀਤੀ ਸੀ, ਉਸ ਵਿੱਚ ਉਨ੍ਹਾਂ ਨੂੰ ਅੰਤ੍ਰਿਮ ਜ਼ਮਾਨਤ ਦੇ ਦਿੱਤੀ ਹੈ। ਕੇਸ ਦੀ ਸੁਣਵਾਈ 8 ਫਰਵਰੀ ਤੱਕ ਮੁਲਤਵੀ ਕੀਤੀ ਹੈ। ਅੱਜ ਚੰਡੀਗੜ੍ਹ ਦੇ ਮਾਨਯੋਗ ਐਡੀਸ਼ਨਲ ਸੈਸ਼ਨ ਜੱਜ ਰਾਜ ਸ਼ੇਖਰ ਅੱਤਰੀ ਅਦਾਲਤ ਵਿੱਚ ਕੇਸ ਦੀ ਸੁਣਵਾਈ ਸ਼ੁਰੂ ਹੋਈ, ਜਿਸ ਵਿੱਚ ਹਰਿਆਣਾ ਦੇ ਸਾਬਕਾ ਡਾਇਰੈਕਟਰ ਜਨਰਲ ਪੁਲਿਸ ਐੱਸ.ਪੀ.ਐੱਸ.ਰਾਠੌਰ ਨੇ ਆਪਣੀ ਹੇਠਲੀ ਅਦਾਲਤ ਵੱਲੋਂ ਸੁਣਾਈ 6 ਮਹੀਨੇ ਦੀ ਕੈਦ ਨੂੰ ਰੱਦ ਕਰਨ ਲਈ ਅਪੀਲ ਕੀਤੀ ਸੀ। ਜਦੋਂ ਕੇਸ ਦੀ ਸੁਣਵਾਈ ਸ਼ੁਰੂ ਹੋਈ ਤਾਂ ਇਸ ਵਿੱਚ ਸੀ.ਬੀ.ਆਈ. ਵੱਲੋਂ ਵਕੀਲ ਸ੍ਰੀ ਬੀ.ਕੇ. ਪਾਲ ਪੇਸ਼ ਹੋਏ। ਜਦੋਂ ਕਿ ਰੁਚਿਕਾ ਦੇ ਪਰਿਵਾਰ ਵੱਲੋਂ ਪੰਕਜ ਭਾਰਦਵਾਜ ਵਕੀਲ ਪੇਸ਼ ਹੋਏ। ਰੁਚਿਕਾ ਦੇ ਵਕੀਲ ਪੰਕਜ ਭਾਰਦਵਾਜ ਅਤੇ ਸੀ.ਬੀ.ਆਈ. ਦੇ ਵਕੀਲ ਸੀ.ਬੀ. ਪਾਂਡੇ ਨੇ ਆਪਣੀਆਂ ਅਲੱਗ-ਅਲੱਗ ਪਟੀਸ਼ਨਾਂ ਵਿੱਚ ਕਿਹਾ ਕਿ ਇਸ ਮਾਮਲੇ ਵਿੱਚ ਐੱਸ.ਪੀ.ਐੱਸ. ਰਾਠੌਰ ਨੂੰ 6 ਮਹੀਨੇ ਦੀ ਸਜ਼ਾ ਘੱਟ ਹੋਈ ਹੈ, ਦੋ ਸਾਲ ਦੀ ਹੋਣੀ ਚਾਹੀਦੀ ਸੀ। ਦੋਹਾਂ ਵਕੀਲਾਂ ਨੇ ਢੁੱਕਵੀਆਂ ਦਲੀਲਾਂ ਪੇਸ਼ ਕੀਤੀਆਂ। ਇਸ 'ਤੇ ਮਾਣਯੋਗ ਜੱਜ ਨੇ ਦੋਹਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਇਸ ਕੇਸ ਦੀ ਸੁਣਵਾਈ 8 ਫਰਵਰੀ ਤੱਕ ਮੁਲਤਵੀ ਕਰ ਦਿੱਤੀ ਅਤੇ ਇਹ ਐਲਾਨ ਕੀਤਾ ਕਿ ਉਸ ਨੂੰ 8, 9, 10 ਤਿੰਨ ਦਿਨ ਲਗਾਤਾਰ ਸੁਣਵਾਈ ਹੋਈ ਤੇ ਅਦਾਲਤ ਨੇ ਆਦੇਸ਼ ਦਿੱਤਾ ਸੀ ਕਿ ਐੱਸ.ਪੀ.ਐੱਸ. ਰਾਠੌਰ ਦੇ ਕੇਸ ਦੀ ਜਾਂਚ ਲੱਗਭੱਗ ਪੂਰੀ ਅਤੇ ਤੇ ਸੁਣਵਾਈ ਤੱਕ ਇੱਕ ਲੱਖ ਰੁਪਏ ਦੀ ਜ਼ਮਾਨਤ ਮੁਚੱਲਕਾ ਭਰਨ ਦੇ ਆਦੇਸ਼ ਜਾਰੀ ਕੀਤੇ।

## 58 ਪੁਲਿਸ ਅਧਿਕਾਰੀਆਂ/ਕਰਮਚਾਰੀਆਂ ਨੂੰ ਲੋਹੜੀ ਦਾ ਤੋਹਫਾ

ਚੰਡੀਗੜ੍ਹ, 13 ਜਨਵਰੀ (ਹਰੀਸ਼ ਚੰਦਰ ਬਾਗਾਵਾਲਾ)- ਪੰਜਾਬ ਦੇ ਡਾਇਰੈਕਟਰ ਜਨਰਲ ਆਫ ਪੁਲਿਸ ਸ਼੍ਰੀ ਪੀ.ਐਸ ਗਿੱਲ ਨੇ ਅੱਜ 58 ਐਵਾਰਡੀ ਪੁਲਿਸ ਅਧਿਕਾਰੀਆਂ/ਕਰਮਚਾਰੀਆਂ ਨੂੰ ਡੀ.ਜੀ.ਪੀ. ਦੀ ਸ਼ਲਾਘਾ ਡਿਸਕ ਨਾਲ ਸਨਮਾਨਿਤ ਕਰਦਿਆਂ ਫੋਰਸ ਨੂੰ ਜੁਰਮਾਂ ਦੀ ਰੋਕਥਾਮ ਅਤੇ ਜਾਂਚ ਲਈ ਨਿਵੇਕਲੀਆਂ ਤਕਨੀਕਾਂ ਅਪਣਾਉਣ ਦਾ ਸੱਦਾ ਦਿੰਦਿਆਂ ਕਿਹਾ ਕਿ ਉਹ ਰਾਜ ਅੰਦਰ ਅਮਨ ਅਤੇ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਦੇ ਆਪਣੇ ਫਰਜ਼ਾਂ ਨੂੰ ਨਿਭਾਉਂਦਿਆਂ ਕਿਸੇ ਵੀ ਕਿਸਮ ਦੀ ਕੁਤਾਹੀ ਤੋਂ ਗੁਰੇਜ਼ ਕਰਨ। ਅੱਜ ਇਥੇ ਪੰਜਾਬ ਪੁਲਿਸ ਮੁੱਖ ਦਫਤਰ ਵਿਖੇ ਉਪਰੋਕਤ ਸ਼ਲਾਘਾ ਡਿਸਕਾਂ ਪ੍ਰਦਾਨ ਕਰਨ ਲਈ ਆਯੋਜਿਤ ਇਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਆਪਣੇ ਵਿਚਾਰ ਪ੍ਰਗਟਾਉਂਦਿਆਂ ਸ਼੍ਰੀ ਗਿੱਲ ਨੇ ਕਿਹਾ ਕਿ ਉਕਤ ਪੁਲਿਸ ਅਧਿਕਾਰੀਆਂ/ਕਰਮਚਾਰੀਆਂ ਨੂੰ ਲੋਹੜੀ ਦੇ ਮੌਕੇ ਸਨਮਾਨਿਤ ਕਰਨ ਦਾ ਉਦੇਸ਼ ਇਹ ਹੈ ਕਿ ਇਹ ਤਿਉਹਾਰ ਸਾਨੂੰ ਕਿਸੇ ਕਿਸਮ ਦੀ ਵੀ ਸੁਸਤੀ ਨੂੰ ਤਿਆਗਦਿਆਂ ਲੋਕਾਂ ਦੀ ਭਲਾਈ ਲਈ ਤਹਿ ਦਿਲੋਂ ਕੰਮ ਕਰਨ ਦੀ ਪ੍ਰੇਰਨਾ ਦਿੰਦਾ ਹੈ। ਉਨ੍ਹਾਂ ਇਸ ਮੌਕੇ ਲੋਹੜੀ ਦੇ ਮਿਥਿਹਾਸਕ ਗਾਥਾ ਦੇ ਨਾਇਕ ਦੁੱਲਾ ਭੱਟੀ ਦਾ ਚੇਤਾ ਵੀ ਕਰਵਾਉਂਦਿਆਂ ਆਸ ਪ੍ਰਗਟਾਈ ਕਿ ਪੁਲਿਸ ਅਧਿਕਾਰੀ ਸਮਾਜ ਭਲਾਈ ਸਰਗਰਮੀਆਂ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੇ ਹੋਏ ਆਪਣੇ ਵਿਭਾਗੀ ਫਰਜ਼ਾਂ ਨੂੰ ਹੋਰ ਵੀ ਸੁਚੱਜੇ ਢੰਗ ਨਾਲ ਨਿਭਾਉਣ ਦਾ ਪ੍ਰਣ ਲੈਣਗੇ। ਇਸ ਤੋਂ ਪਹਿਲਾਂ ਸ਼੍ਰੀ ਗਿੱਲ ਨੇ ਸ਼੍ਰੀ ਜਗਦੀਸ਼ ਕੁਮਾਰ ਆਈ.ਪੀ.ਐਸ. ਡੀ.ਆਈ.ਜੀ. ਕ੍ਰਾਈਮ ਪੰਜਾਬ ਚੰਡੀਗੜ੍ਹ, ਰਾਕੇਸ਼ ਅਗਰਵਾਲ ਆਈ..ਪੀ.ਐਸ. ਐਸ.ਐਸ.ਪੀ. ਸ਼ਹੀਦ ਭਗਤ ਸਿੰਘ ਨਗਰ, ਮੁੱਖਵਿੰਦਰ ਸਿੰਘ ਛੀਨਾ, ਏ.ਆਈ. ਜੀ ਵੈਲਫੇਅਰ, ਨਰਿੰਦਰ ਭਾਰਗਵ, ਐਸ.ਪੀ.-ਕਮ-ਡਿਪਟੀ ਡਾਇਰੈਕਟਰ ਪੀ.ਪੀ.ਏ ਫਿਲੌਰ, ਲਖਵਿੰਦਰ ਸਿੰਘ ਪੀ.ਪੀ.ਐਸ. ਐਸ. ਪੀ. ਹੈਡਕੁਆਟਰ ਸੰਗਰੂਰ, ਪ੍ਰਿਤਪਾਲ ਸਿੰਘ ਥਿੰਦ ਪੀ.ਪੀ.ਐਸ. ਡੀ.ਐਸ. ਪੀ. ਸੁਨਾਮ, ਦਵਿੰਦਰ ਸਿੰਘ ਪੀ.ਪੀ.ਐਸ. ਡੀ.ਐਸ.ਪੀ. ਦਿਹਾਤੀ ਪਟਿਆਲਾ, ਭੁਪਿੰਦਰ ਸਿੰਘ ਸਿੱਧੂ, ਡੀ.ਐਸ.ਪੀ. ਲੁਧਿਆਣਾ, ਧਰਮ ਸਿੰਘ ਉੱਪਲ, ਡੀ.ਐਸ.ਪੀ. ਪੁਲਿਸ ਮੁੱਖ ਦਫਤਰ, ਸਤਨਾਮ ਸਿੰਘ, ਡੀ.ਐਸ.ਪੀ. ਡੀ ਲੁਧਿਆਣਾ, ਇੰਸਪੈਕਟਰ ਯੋਗੀ ਰਾਮ ਨੰ ਪੀ.ਆਰ./173 ਜਿਲ੍ਹਾ ਲੁਧਿਆਣਾ, ਇੰਸਪੈਕਟਰ ਰੇਸ਼ਮ ਸਿੰਘ ਨੰ: 288 ਪੀ.ਏ.ਪੀ.(ਆਰ.ਟੀ.ਸੀ./ਪੀਏ.ਪੀ.) ਟੀ.ਆਰ.ਸੀ./ਪੀ.ਏ.ਪੀ., ਇੰਸਪੈਕਟਰ ਰਾਮ ਲਾਲ ਨੰ: 509/ਪੀ.ਏ.ਪੀ. ਮੋਗਾ, ਇੰਸਪੈਕਟਰ(ਓ.ਆਰ.ਪੀ.) ਬਲਵੀਰ ਸਿੰਘ ਨੰ; 54/ਇੰਟ ਇੰਟੈਲੀਜੈਂਸ ਵਿੰਗ, ਇੰਸਪੈਕਟਰ( ਆਰ.ਓ.ਪੀ.) ਹਰਵਿੰਦਰ ਪਾਲ ਸਿੰਘ ਨੰ: 1635/ਪੀ.ਏ.ਪੀ. ਇੰਟੈਲੀਜੈਂਸ ਵਿੰਗ, ਐਸ. ਆਈ ਕਰਮਿੰਦਰ ਸਿੰਘ ਨੰ: 51/ਜੇ.ਆਰ.ਐਸ.ਐਸ.ਪੀ. ਰੂਪਨਗਰ, ਐਸ.ਆਈ ਬਾਜ ਸਿੰਘ ਨੰ 206 ਪੀ ਏ ਪੀ ਆਰ ਟੀ ਸੀ, ਐਸ ਆਈ ਗੁਰਪ੍ਰੀਤ ਸਿੰਘ ਨੰ 5 ਪੀ ਆਰ ਡੀ ਆਈ ਜੀ ਐਲ ਆਰ ਲੁਧਿਆਣਾ, ਐਸ ਆਈ ਹਰਜਿੰਦਰ ਸਿੰਘ ਨੰ: 155/ਖੰਨਾ ਇੰਟੈਲੀਜੈਂਸ ਵਿੰਗ, ਐਸ.ਆਈ. (ਐਲ.ਆਰ.) ਅੰਗਰੇਜ ਸਿੰਘ ਨੰ: 114/ਜਿਲਾ ਜਲੰਧਰ, ਐਸ.ਆਈ(ਐਲ.ਆਰ)ਭਗਵੰਤ ਸਿੰਘ ਨੰ:419/ਪੀ.ਆਰ. ਜਿਲਾ ਸੰਗਰੂਰ, ਐਸ.ਆਈ.(ਐਲ.ਆਰ) ਅਵਤਾਰ ਸਿੰਘ ਨੰ: 585/ਜੇ.ਆਰ. ਜਿਲਾ ਜਲੰਧਰ, ਐਸ.ਆਈ. ਗੁਰਚਰਨ ਸਿੰਘ, ਰੂਪਨਗਰ, ਏ.ਐਸ.ਆਈ. ਪੁਸ਼ਪਾ ਦੇਵੀ ਨੰ: 32/ਐਫ.ਜੀ.ਐਫ ਜਿਲਾ ਪਟਿਆਲਾ, ਏ.ਐਸ. ਆਈ. ਅਵਤਾਰ ਸਿੰਘ ਨੰ: 891/ਜੀ.ਐਸ ਜਿਲਾ ਗੁਰਦਾਸਪੁਰ, ਏ.ਐਸ.ਆਈ ਰਾਜੀਵ ਕੁਮਾਰ ਨੰ: 1663/ਐਮ.ਜੇ..ਏ ਡਿਪਟੀ ਸੁਪਰਡੰਟ ਆਫ ਪੁਲਿਸ ਮਿਊਂਸਪਲ ਕਾਰਪੋਰੇਸ਼ਨ ਲੁਧਿਆਣਾ, ਏ.ਐਸ.ਆਈ.(ਐਲ.ਆਰ) ਹਰਪ੍ਰੀਤ ਸਿੰਘ ਨੰ: 133/ਲੁਧਿਆਣਾ (ਆਰ.)ਜਿਲਾ ਲੁਧਿਆਣਾ ਦਿਹਾਤੀ, ਏ.ਐਸ.ਆਈ.(ਐਲ.ਆਰ.)ਅਸ਼ਵਰੀ ਕੁਮਾਰ ਨੰ: 786/ਫਿਰੋਜਪੁਰ ਜਿਲਾ ਫਿਰੋਜਪੁਰ, ਐਲ.ਆਰ./ਏ.ਐਸ.ਆਈ. ਸੁਖਪਾਲ ਸਿੰਘ 18/ਐਸ.ਬੀ.ਐਸ.ਐਨ ਡੀ.ਆਈ.ਜੀ./ਜੇ.ਆਰ./ਜਲੰਧਰ, ਹੈਡ ਕਾਂਸਟੇਬਲ ਜੁਗਲ ਕਿਸ਼ੋਰ ਨ: 82/114 ਆਰਮਡ ਬਟਾਲੀਅਨ, ਹੈਡ ਕਾਂਸਟੇਬਲ ਦਲਜੀਤ ਸਿੰਘ ਨੰ: ਸੀ.ਟੀ.ਸੀ./38 ਸੀ.ਟੀ.ਸੀ. ਬੀਐਚਜੀ, ਹੈਡ ਕਾਂਸਟੇਬਲ (ਬਾਕੀ ਸਫਾ 2 'ਤੇ)

## ਹਾਕੀ ਪ੍ਰਤੀ ਸਰਕਾਰੀ ਬੇਰੁਖੀ ਨਿੰਦਾਯੋਗ-ਸ਼੍ਰੋਮਣੀ ਗੁ. ਪ੍ਰ. ਕਮੇਟੀ

ਅੰਮ੍ਰਿਤਸਰ 13 ਜਨਵਰੀ (ਮੋਤਾ ਸਿੰਘ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਭਾਰਤੀ ਹਾਕੀ ਟੀਮ ਨੂੰ ਵਿਸ਼ਵ ਕੱਪ ਮੁਕਾਬਲੇ ਦੇ ਅਭਿਆਸ ਲਈ ਲੋੜੀਂਦੇ ਭੱਤੇ ਤੇ ਵਿਤੀ ਸੁਵਿਧਾਵਾਂ ਨਾਂ ਪ੍ਰਦਾਨ ਕੀਤੇ ਜਾਣ ਸਬੰਧੀ ਛਪੀਆਂ ਖ਼ਬਰਾਂ 'ਤੇ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਕਿ ਹਾਕੀ ਦੇਸ਼ ਦੀ ਕੌਮੀ ਖੇਡ ਹੈ ਅਤੇ ਟੀਮ ਦੇ ਚੰਗੇ ਪ੍ਰਦਰਸ਼ਨ ਲਈ ਖਿਡਾਰੀਆਂ ਨੂੰ ਲੋੜੀਂਦੇ ਭੱਤੇ ਜਾਂ ਵਿਤੀ ਸਹਾਇਤਾ ਪ੍ਰਦਾਨ ਕਰਨ 'ਚ ਆਨਾ-ਕਾਨੀ ਕਰਨਾ ਖਿਡਾਰੀਆਂ ਦਾ ਅਪਮਾਨ ਕਰਨ ਦੇ ਤੁਲ ਹੈ। ਖਿਡਾਰੀਆਂ ਨਾਲ ਵਧੀਆ ਵਿਹਾਰ ਕਰਨ ਦੀ ਬਜਾਏ ਉਨ੍ਹਾਂ ਨੂੰ ਪ੍ਰੇਸ਼ਾਨੀ 'ਚ ਰੱਖਣਾ ਉਨ੍ਹਾਂ ਦੇ ਮਨੋਬਲ ਨੂੰ ਢਾਹ ਲਾਉਂਦਾ ਹੈ। ਇਥੋਂ ਜਾਰੀ ਇਕ ਪ੍ਰੈਸ ਰੀਲੀਜ਼ 'ਚ ਉਨ੍ਹਾਂ ਕਿਹਾ ਕਿ ਖਿਡਾਰੀ ਮੁਕਾਬਲੇ ਦੀ ਭਾਵਨਾ ਨਾਲ ਆਪਣੀ ਜਾਨ ਦਾਅ 'ਤੇ ਲਾ ਕੇ ਦੇਸ਼ ਦਾ ਨਾਮ ਉਚਾ ਕਰਨ ਲਈ ਜਿੱਤ ਦੀ ਖਾਤਰ ਖੇਡਦੇ ਹਨ ਪਰ ਉਨ੍ਹਾਂ ਨੂੰ ਲੋੜੀਂਦੇ ਭੱਤੇ ਜਾਂ ਵਿਤੀ ਸੁਵਿਧਾਵਾਂ ਪ੍ਰਦਾਨ ਕਰਨਾ ਸਬੰਧਤ ਸੰਸਥਾ ਹਾਕੀ ਫੈਡਰੇਸ਼ਨ ਜਾਂ ਸਰਕਾਰ ਦੀ ਮੁੱਖ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਚਾਹੀਦਾ ਤਾਂ ਇਹ ਹੈ ਇਸ ਕੌਮੀ ਖੇਡ ਨੂੰ ਹੋਰ ਉਤਸ਼ਾਹਤ ਕਰਨ ਤੇ ਵਧੀਆ ਪ੍ਰਾਪਤੀਆਂ ਲਈ ਖਿਡਾਰੀਆਂ ਦੇ ਬਣਦੇ ਵਿਤੀ ਭੱਤੇ ਸਮੇਂ ਤੋਂ ਪਹਿਲਾਂ ਦਿੱਤੇ ਜਾਣ ਪਰ ਹੋ ਇਸ ਦੇ ਉਲਟ ਰਿਹਾ ਹੈ। ਉਨ੍ਹਾਂ ਕਿਹਾ ਕਿ ਕਈ ਵਾਰ ਦੇਸ਼ ਦਾ ਨਾਮ ਰੌਸ਼ਨ ਕਰ ਚੁਕੀ ਹਾਕੀ ਟੀਮ ਨਾਲ ਅਜਿਹਾ ਵਿਹਾਰ ਬਹੁਤ ਹੀ ਦੁਖਦਾਈ ਹੈ। ਉਨ੍ਹਾਂ ਕਿਹਾ ਕਿ ਖਿਡਾਰੀਆਂ ਦੇ ਹਿੱਤਾਂ ਨੂੰ ਮੁੱਖ ਰੱਖਦਿਆਂ ਤੁਰੰਤ ਭੱਤਿਆਂ ਦੀ ਅਦਾਇਗੀ ਕਰਦਿਆਂ ਹਾਕੀ ਟੀਮ 'ਚ ਸਦਭਾਵਨਾ ਵਾਲਾ ਮਾਹੌਲ ਬਣਾ ਖੇਡ ਭਾਵਨਾ ਨੂੰ ਉਤਸ਼ਾਹਤ ਕਰਨਾ ਚਾਹੀਦਾ ਹੈ ਤਾਂ ਜੋ ਭਾਰਤੀ ਹਾਕੀ ਟੀਮ ਖੇਡ ਨੂੰ ਬੁਲੰਦੀਆਂ ਤੇ ਲਿਜਾ ਸਕੇ। ਜਥੇਦਾਰ ਅਵਤਾਰ ਸਿੰਘ ਦੇ ਆਦੇਸ਼ਾਂ ਅਨੁਸਾਰ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ ਦਲਮੇਘ ਸਿੰਘ ਨੇ ਅੱਜ ਭਾਰਤੀ ਟੀਮ ਦੇ ਕਪਤਾਨ (ਬਾਕੀ ਸਫਾ 2 'ਤੇ)